## ਪਾਠ-19

## ਤਿੰਨ ਸਵਾਲ (ਲੇਖਕ- ਲਿਓ ਤਾਲਸਤਾਏ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਰਾਜੇ ਨੇ ਤਿੰਨ ਸਵਾਲ ਕਿਉਂ ਪੁੱਛੇ ਸਨ?**
ਉੱਤਰ : ਰਾਜੇ ਨੇ ਆਪਣੇ ਰਾਜ-ਪ੍ਰਬੰਧ ਨੂੰ ਹੋਰ ਚੰਗੀ ਤਰ੍ਹਾਂ ਚਲਾਉਣ ਲਈ ਤਿੰਨ ਸਵਾਲ ਪੁੱਛੇ।

**ਪ੍ਰਸ਼ਨ ਅ. ਤਿੰਨ ਸਵਾਲ ਕਿਹੜੇ-ਕਿਹੜੇ ਸਨ?**
ਉੱਤਰ : ਰਾਜੇ ਦੇ ਤਿੰਨ ਸਵਾਲ ਇਹ ਸਨ :

1. ਕੰਮ ਸ਼ੁਰੂ ਕਰਨ ਲਈ ਚੰਗਾ ਸਮਾਂ ਕਿਹੜਾ ਹੈ?
2. ਵਰਤਾਓ ਲਈ ਚੰਗੇ ਆਦਮੀ ਕਿਹੜੇ ਹਨ?
3. ਸਭ ਤੋਂ ਜ਼ਰੂਰੀ ਕੰਮ ਕਿਹੜਾ ਹੈ?

**ਪ੍ਰਸ਼ਨ ੲ. ਜਦੋਂ ਰਾਜੇ ਦੀ ਤਿੰਨ ਸਵਾਲਾਂ ਦੇ ਉੱਤਰਾਂ ਦੀ ਤਸੱਲੀ ਨਾ ਹੋਈ ਤਾਂ ਉਸ ਨੇ ਕੀ ਕੀਤਾ?**
ਉੱਤਰ : ਜਦੋਂ ਰਾਜੇ ਦੀ ਤਸੱਲੀ ਨਾ ਹੋਈ ਤਾ ਅਖ਼ੀਰ ਰਾਜਾ ਜੰਗਲ਼ ਵਿੱਚ ਇੱਕ ਤਪੀਸ਼ਰ ਕੋਲ਼ ਆਪਣੇ ਸਵਾਲਾਂ ਦੇ ਉੱਤਰ ਲੈਣ ਲਈ ਗਿਆ।



**ਪ੍ਰਸ਼ਨ ਸ. ਰਾਜੇ ਨੇ ਤਪੀਸ਼ਰ ਪਾਸ ਜਾ ਕੇ ਕੀ ਕੀਤਾ?**
ਉੱਤਰ : ਰਾਜੇ ਨੇ ਤਪੀਸ਼ਰ ਕੋਲ਼ ਜਾ ਕੇ ਕਹੀ ਨਾਲ਼ ਇੱਕ ਕਿਆਰੀ ਪੁੱਟੀ ਅਤੇ ਇੱਕ ਜ਼ਖ਼ਮੀ ਨੌਜਵਾਨ ਦੀ ਮੱਲ੍ਹਮ-ਪੱਟੀ ਕੀਤੀ।

**ਪ੍ਰਸ਼ਨ ਹ. ਤਪੀਸ਼ਰ ਨੇ ਰਾਜੇ ਨੂੰ ਉਸ ਦੀਆਂ ਪੁੱਛਾਂ ਦਾ ਉੱਤਰ ਕਿਵੇਂ ਦਿੱਤਾ?**
ਉੱਤਰ : ਤਪੀਸ਼ਰ ਨੇ ਰਾਜੇ ਨੂੰ ਉੱਤਰ ਦਿੱਤਾ ਕਿ :

1. ਕੰਮ ਸ਼ੁਰੂ ਕਰਨ ਲਈ ਸਭ ਤੋਂ ਚੰਗਾ ਵਰਤਮਾਨ ਕਾਲ ਹੈ।
2. ਲੋੜਵੰਦਾਂ ਨਾਲ਼ ਚੰਗਾ ਵਿਹਾਰ ਕਰਨਾ ਠੀਕ ਹੈ।
3. ਸਭ ਤੋਂ ਜ਼ਰੂਰੀ ਕੰਮ ਕਿਸੇ ਦਾ ਭਲਾ ਕਰਨਾ ਹੈ।

### 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

1. **ਡੌਂਡੀ ਪਿਟਾਉਣੀ (ਖੜਕਾ ਕਰ ਲੋਕਾਂ ਨੂੰ ਸੂਚਨਾ ਸੁਣਾਉਣੀ)-** ਪੁਰਾਣੇ ਸਮਿਆਂ ਵਿਚ ਚੌਕੀਦਾਰ ਪਿੰਡਾਂ ਵਿਚ ਡੌਂਡੀ ਪਿੱਟ ਕੇ ਲੋਕਾਂ ਨੂੰ ਸਰਕਾਰੀ ਹੁਕਮ ਸੁਣਾਉਂਦੇ ਸਨ।
2. **ਮਾਲਾ-ਮਾਲ ਕਰਨਾ (ਅਮੀਰ ਬਣਾ ਦੇਣਾ)-** ਕਈ ਲੋਕ ਠੱਗੀਆਂ ਮਾਰ ਕੇ ਹੀ ਮਾਲਾ-ਮਾਲ ਹੋ ਜਾਂਦੇ ਹਨ।
3. **ਬਣ-ਬਣ ਦੀ ਲੱਕੜੀ (ਵੱਖਰੇ-ਵੱਖਰੇ ਥਾਂਵਾਂ ਤੋਂ ਆਏ ਲੋਕ)-** ਮੇਲਿਆਂ ਵਿੱਚ ਬਣ-ਬਣ ਦੀ ਲੱਕੜੀ ਇਕੱਠੀ ਹੁੰਦੀ ਹੈ।
4. **ਤਪੀਸ਼ਰ (ਕਠਿਨ ਭਗਤੀ ਕਰਨ ਵਾਲ਼ਾ)-** ਰਾਜਾ ਆਪਣੇ ਸਵਾਲਾਂ ਦੇ ਜਵਾਬ ਲੈਣ ਲਈ ਤਪੀਸ਼ਰ ਕੋਲ਼ ਗਿਆ।
5. **ਚਰਨ-ਸੇਵਕ (ਅਧੀਨਗੀ ਨਾਲ਼ ਸੇਵਾ ਕਰਨ ਵਾਲ਼ਾ)-** ਗੱਭਰੂ ਰਾਜੇ ਦਾ ਚਰਨ-ਸੇਵਕ ਬਣਨ ਨੂੰ ਤਿਆਰ ਹੋ ਗਿਆ।

### 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਇਤਰਾਜ਼ | : | ਸ਼ੰਕਾ, ਵਿਰੋਧ |
| ਮਸ਼ਵਰਾ | : | ਰਾਏ, ਸਲਾਹ |
| ਤਪੀਸ਼ਰ | : | ਤਪ ਕਰਨ ਵਾਲ਼ਾ |
| ਕੁਟੀਆ | : | ਸਾਧੂਆਂ ਦੀ ਝੁੱਗੀ ਜਾਂ ਝੌਂਪੜੀ |
| ਬਿਰਧ | : | ਵਡੇਰੀ ਉਮਰ ਦਾ ਆਦਮੀ, ਬਜ਼ੁਰਗ |
| ਨਿਢਾਲ | : | ਨਿਸੱਤਾ |
| ਵਰਤਾਅ | : | ਵਿਹਾਰ, ਵਤੀਰਾ |

## ਵਿਆਕਰਨ :

**ਸੰਬੰਧਕ :** ਜਿਹੜਾ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦ ਦਾ ਵਾਕ ਦੇ ਦੂਜੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰਦਾ ਹੈ, ਉਸ ਨੂੰ ਸੰਬੰਧਕ ਕਹਿੰਦੇ ਹਨ, ਜਿਵੇਂ :- ਦਾ, ਦੇ, ਦੀ, ਕੋਲ਼, ਤੋਂ, ਨੂੰ, ਉੱਤੇ, ਵਿੱਚ, ਨਾਲ਼ ਆਦਿ ।